## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਅੰਮ੍ਰਿਤਸਰ।

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਰਕਾਰੀ ਸੀਨੀ.ਸੈਕੰ./ਹਾਈ/ਮਿਡਲ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ: ਜੀ-3/2016- 4348
ਮਿਤੀ :- 09/08/16

ਵਿਸ਼ਾ ਸੁਵਿਧਾ ਸੈਂਟਰਾਂ ਵਿੱਚ ਵੱਖ-ਵੱਖ ਸਰਟੀਫਿਕੇਟ ਬਣਾਉਣ ਸਬੰਧੀ।

ਹਵਾਲਾ ਐਸ.ਡੀ.ਐਮ. ਅੰਮ੍ਰਿਤਸਰ, ਬਾਬਾ ਬਕਾਲਾ ਜੀ ਦਾ ਅੱਜ ਮਿਤੀ 09-08-2016 ਦੇ ਪ੍ਰਾਪਤ ਹੋਏ ਟੈਲੀਫੋਨ ਸ਼ੰਦੇਸ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਬਹੁਤ ਵੱਡੀ ਗਿਣਤੀ ਵਿੱਚ ਵੱਖ-ਵੱਖ ਸੁਵਿਧਾ ਸੈਂਟਰਾਂ ਵਿੱਚ ਜਾ ਕੇ ਵਜੀਫੇ ਲਈ ਲੋੜੀਦੇ ਸਰਟੀਫਿਕੇਟ ਬਣਵਾ ਰਹੇ ਹਨ। ਅੱਜ ਵੱਖ-ਵੱਖ ਸੁਵਿਧਾ ਸੈਂਟਰਾਂ ਤੋਂ ਆਈ ਰਿਪੋਰਟ ਅਨੁਸਾਰ ਵਿਦਿਆਰਥੀ ਦੀ ਗਿਣਤੀ ਹਰ ਸੁਵਿਧਾ ਸੈਂਟਰ ਤੇ 2000 ਤੋਂ ਵੱਧ ਪਾਈ ਗਈ। ਗਰਮੀ ਦਾ ਮੌਸਮ ਹੋਣ ਕਾਰਨ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਦੇ ਕੋਲ ਸੁਵਿਧਾ ਸੈਂਟਰ ਵਿੱਚ ਸੰਪਰਕ ਕਰਕੇ ਗਿਣਤੀਵਾਈਜ ਵਿਦਿਆਰਥੀ ਭੇਜਣ ਤਾਂ ਕਿ ਸੁਵਿਧਾ ਸੈਂਟਰ ਵਿੱਚ ਕੰਮ ਸੰਚਾਰੂ ਢੰਗ ਨਾਲ ਚੱਲ ਸਕੇ। ਸਕੂਲ ਮੁੱਖੀ ਵਿਦਿਆਰਥੀ ਨੂੰ ਪਬੰਧ ਕਰਨ ਕਿ ਉਹ ਆਪਣੇ ਮਾਤਾ ਜਾਂ ਪਿਤਾ ਨਾਲ ਹੀ ਸੁਵਿਧਾ ਸੈਂਟਰ ਵਿੱਚ ਅਗਾਉ ਅਪਵਾਇੰਟ ਮੈਂਟ ਅਨੁਸਾਰ ਜਾਣ। ਸੁਵਿਧਾ ਕੇਦੰਰਾਂ ਵਿੱਚ ਲੋੜ ਤੋਂ ਵੱਧ ਭੀੜ ਹੋਣ ਕਾਰਨ ਵਿਦਿਆਰਥੀਆਂ ਦੀ ਸਰੁੱਖਿਆ ਦਾ ਮਸਲਾ ਪੈਦਾ ਹੋ ਜਾਂਦਾ ਹੈ। ਇਸ ਲਈ ਕਿਸੇ ਅਣਸੁਖਾਵੀ ਘਟਨਾਂ ਤੋਂ ਬਚਣ ਲਈ ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।